**KNH** ਵੈਬਸਾਈਟ ਤੇ ਤੁਹਾਡਾ ਸੁਆਗਤ ਹੈ - ਪੰਜਾਬੀ
housing@knh.org.uk

- ਇਸ ਸਾਈਟ ਬਾਰੇ
- ਦੁਭਾਸ਼ੀਆ ਅਤੇ ਅਨੁਵਾਦ ਸੇਵਾਵਾਂ

## ਇਸ ਸਾਈਟ ਬਾਰੇ

ਕਿਰਕਲੀਸ ਗੁਆਂਢਚਾਰੀ ਹਾਉਸਿੰਗ [Kirklees Neighbourhood Housing] ਦੀ ਵੈਬਸਾਈਟ 'ਤੇ ਤੁਹਾਡਾ ਸੁਆਗਤ ਹੈ, ਇਹ ਕੰਪਨੀ ਕਿਰਕਲੀਸ ਕੌਂਸਲ [Kirklees Council] ਦੀ ਤਰਫੋਂ 23,000 ਘਰਾਂ ਦਾ ਪ੍ਰਬੰਧ ਕਰਦੀ ਹੈ।

ਇਸ ਸਾਈਟ ਵਿਚ ਤੁਹਾਡੇ ਘਰ, ਤੁਹਾਡੀ ਕਿਰਾਏਦਾਰੀ ਅਤੇ ਤੁਹਾਡੇ ਗੁਆਂਢਚਾਰੇ ਬਾਰੇ ਜਾਣਕਾਰੀ ਹੈ ਅਤੇ ਇਹ ਸਾਡੀਆਂ ਬੁਨਿਆਦੀ ਸੇਵਾਵਾਂ ਦੇ ਵੇਰਵੇ ਦਿੰਦੀ ਹੈ। ਉਦਾਹਰਣ ਲਈ, ਇਹ ਇਹਨਾਂ ਗੱਲਾਂ ਬਾਰੇ ਦੱਸਦੀ ਹੈ

- ਕੌਂਸਲ ਸੰਪਤੀ ਲਈ ਅਰਜੀ ਕਿਵੇਂ ਦਿੱਤੀ ਜਾਏ;
- ਇਕ ਕਿਰਾਏਦਾਰ ਵਜੋਂ ਤੁਹਾਡੇ ਹੱਕ ਅਤੇ ਜ਼ਿੰਮੇਵਾਰੀਆਂ;
- ਆਪਣੇ ਕਿਰਾਏ ਦਾ ਭੁਗਤਾਨ ਕਿਵੇਂ ਕਰੋ ਅਤੇ ਜੇ ਤੁਹਾਡੇ ਭੁਗਤਾਨ ਖੁੰਝ ਗਏ ਹਨ ਜਾਂ ਤੁਸੀਂ ਕਰਜੇ ਹੇਠ ਹੋ, ਤਾਂ ਕੀ ਕਰੋ;
- ਮੁਰੰਮਤਾਂ ਲਈ ਕਿਵੇਂ ਕਹੋ ਅਤੇ ਉਹਵਾਂ ਵਿਚ ਕਿੰਨਾ ਸਮਾਂ ਲੱਗਣਾ ਚਾਹੀਦਾ ਹੈ;
- ਅਸੀਂ ਆਪਣੇ ਗਾਹਕਾਂ ਨੂੰ ਕਿਹਨਾਂ ਇਨਾਮਾਂ ਅਤੇ ਲਾਭਾਂ ਦੀ ਪੇਸ਼ਕਸ਼ ਕਰਦੇ ਹਾਂ;
- ਨੌਜਵਾਨ ਲੋਕਾਂ ਜਾਂ ਬਜ਼ੁਰਗਾਂ ਲਈ ਕਿਸ ਤਰਾਂ ਦੀਆਂ ਸਹਾਇਤਾ ਸੇਵਾਵਾਂ ਉਪਲਬਧ ਹਨ;
- ਜਿਹਨਾਂ ਲੋਕਾਂ ਦੇ ਕੌਂਸਲ ਦੇ ਆਪਣੇ ਖੁਦ ਦੇ ਫਲੈਟ ਹਨ, ਅਸੀਂ ਉਹਨਾਂ ਨੂੰ ਕਿਸ ਤਰਾਂ ਦੀਆਂ ਸੇਵਾਵਾਂ ਉਪਲਬਧ ਕਰਦੇ ਹਾਂ;
- ਸਾਡੇ ਨਾਲ ਕਿਵੇਂ ਸੰਪਰਕ ਕਰੋ ਜਾਂ ਸਾਡੀਆਂ ਸੇਵਾਵਾਂ ਬਾਰੇ ਟਿੱਪਣੀਆਂ;
- ਤੁਹਾਡੇ ਭਾਈਚਾਰੇ ਵਿਚ ਸ਼ਮੂਲੀਅਤ ਕਿਵੇਂ ਕਰੀਏ;
- ਸਮਾਜ-ਵਿਰੋਧੀ ਵਿਹਾਰ ਨਾਲ ਨਜਿੱਠਣ ਲਈ ਸਾਡੀ ਮਦਦ ਕਿਵੇਂ ਕਰੋ;
- ਜਦੋਂ ਤੁਸੀਂ ਘਰ ਛੱਡਣਾ ਚਾਹੁੰਦੇ ਹੋ, ਤਾਂ ਕੀ ਕਰੋ;

ਇਥੇ ਖੁਦ KNH ਬਾਰੇ ਵੀ ਜਾਣਕਾਰੀ ਹੈ, ਉਦਾਹਰਣ ਲਈ, ਸਾਡੇ ਪ੍ਰਬੰਧਕੀ ਢਾਂਚੇ ਦੇ ਵੇਰਵੇ, ਫੈਸਲਾ ਲੈਣ ਦੇ ਸਾਡੇ ਅਮਲ ਅਤੇ ਸਾਡੇ ਸਭ ਤੋਂ ਜ਼ਰੂਰੀ ਪ੍ਰਕਾਸ਼ਨਾਂ ਦੀਆਂ ਕਾੱਪੀਆਂ।

ਜੇ ਤੁਸੀਂ ਇਸ ਵੈਬਸਾਈਟ ਬਾਰੇ ਟਿੱਪਣੀ ਕਰਨਾ ਚਾਹੁੰਦੇ ਹੋ ਜਾਂ ਕਿਸੇ ਕਾਰਣ ਕਰਕੇ KNH ਨਾਲ ਸੰਪਰਕ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਇਸ ਸਾਈਟ ਦੇ ਸੈਕਸ਼ਨ "ਸਾਡੇ ਨਾਲ ਸੰਪਰਕ ਕਰੋ" ["Contact Us"] ਦੀ ਵਰਤੋਂ ਕਰੋ, ਜਿਥੇ ਤੁਹਾਨੂੰ ਸਾਡੇ ਸਾਰੇ ਦਫਤਰਾਂ, ਫੋਨ ਨੰਬਰਾਂ ਅਤੇ ਹੋਰ ਬਹੁਤ ਕੁਝ ਬਾਰੇ ਵੇਰਵੇ ਮਿਲਣਗੇ।

**ਦੁਭਾਸ਼ੀਆ ਅਤੇ ਅਨੁਵਾਦ ਸੇਵਾਵਾਂ**

KNH ਦਾ ਉਦੇਸ਼ ਇਸ ਗੱਲ ਨੂੰ ਯਕੀਨੀ ਬਣਾਉਣਾ ਹੈ ਕਿ ਸਾਡੇ ਸਾਰੇ ਗਾਹਕਾਂ ਦੀ ਸਾਡੀਆਂ ਸੇਵਾਵਾਂ ਤੱਕ ਇਕੋ ਜਿਹੀ ਪਹੁੰਚ ਹੋਵੇ।

ਇਸ ਗੱਲ ਨੂੰ ਧਿਆਨ ਵਿਚ ਰਖਦਿਆਂ, ਅਸੀਂ ਉਹਨਾਂ ਲੋਕਾਂ, ਜਿਹਨਾਂ ਦੀ ਮਾਂ-ਬੋਲੀ ਅੰਗ੍ਰੇਜ਼ੀ ਨਹੀਂ ਹੈ, ਲਈ ਦੁਭਾਸ਼ੀਆ ਅਤੇ ਅਨੁਵਾਦ ਸੇਵਾਵਾਂ ਦੀ ਸ਼੍ਰੇਣੀ ਉਪਲਬਧ ਕਰ ਸਕਦੇ ਹਾਂ।

**ਦੁਭਾਸ਼ੀ ਹਾਉਸਿੰਗ ਅਫ਼ਸਰ** – ਹਾਉਸਿੰਗ ਅਫਸਰਾਂ ਦੀ ਮਾਹਿਰ ਟੀਮ ਉਰਦੂ, ਗੁਜਰਾਤੀ, ਪੰਜਾਬੀ ਅਤੇ ਪਹਾੜੀ ਵਿਚ ਮਦਦ ਅਤੇ ਸਲਾਹ ਦੀ ਪੇਸ਼ਕਸ਼ ਕਰ ਸਕਦੀ ਹੈ। ਤੁਸੀਂ **01484 226967** 'ਤੇ ਸਾਡੀ ਟੀਮ ਨਾਲ ਸੰਪਰਕ ਕਰ ਸਕਦੇ ਹੋ।

**ਟੈਲੀਫੋਨ ਤੇ ਦੁਭਾਸ਼ੀਆ ਵਿਆਖਿਆ** – ਸਾਡੇ ਸਾਰੇ ਸਟਾਫ਼ ਦੀ 150 ਤੋਂ ਵੱਧ ਭਾਸ਼ਾਵਾਂ ਵਿਚਲੀਆਂ ਟੈਲੀਫੋਨ ਅਨੁਵਾਦ ਸੇਵਾਵਾਂ ਤੱਕ ਪਹੁੰਚ ਹੈ।

**ਆਹਮੋ-ਸਾਹਮਣੀ ਦੁਭਾਸ਼ੀਆ ਵਿਆਖਿਆ** – ਲੰਮੇ ਇੰਟਰਵਿਊਆਂ ਲਈ, ਆਮ ਤੌਰ 'ਤੇ ਇਹ ਬਿਹਤਰ ਹੁੰਦਾ ਹੈ ਕਿ ਇਕ ਦੁਭਾਸ਼ੀਆ ਮੌਜੂਦ ਹੋਵੇ। ਜਦੋਂ ਇਹ ਉਚਿਤ ਹੋਵੇ, ਤਾਂ ਅਸੀਂ ਇਸ ਗੱਲ ਦਾ ਪ੍ਰਬੰਧ ਕਰਾਂਗੇ ਕਿ ਆਹਮੋ-ਸਾਹਮਣੀ ਗੱਲਬਾਤ ਲਈ ਦੁਭਾਸ਼ੀਆ ਮੌਜੂਦ ਹੋਵੇ (ਉਪਲਬਧਤਾ ਹੋਣ 'ਤੇ)।

**ਅਨੁਵਾਦ ਕੀਤੇ ਹੋਏ ਲੀਫ਼ਲੈਟ** – ਸਾਡੇ ਬਹੁਤ ਸਾਰੇ ਲੀਫ਼ਲੈਟ ਕਈ ਭਾਈਚਾਰਕ ਭਾਸ਼ਾਵਾਂ ਵਿਚ ਉਪਲਬਧ ਹਨ – ਕਿਰਪਾ ਕਰਕੇ ਇਸ ਸਾਈਟ ਦਾ “ਅਨੁਵਾਦ” [“Translations”] ਸੈਕਸ਼ਨ ਵੇਖੋ।

**ਹੋਰ ਰੂਪ** – ਅਸੀਂ ਹੋਰਨਾਂ ਰੂਪਾਂ ਵਿਚ ਜਾਣਕਾਰੀ ਉਪਲਬਧ ਕਰਾਉਣ ਦੇ ਹੋਰ ਤਰੀਕਿਆਂ ਦੀ ਘੋਖ ਕਰ ਰਹੇ ਹਾਂ, ਉਦਾਹਰਣ ਲਈ, ਆੱਡੀਓ ਟ੍ਰਾਂਸਕ੍ਰਿਪਟਸ, ਜਿਹਨਾਂ ਨੂੰ ਵੈਬਸਾਈਟ ਤੋਂ ਡਾਉਨਲੋਡ ਕੀਤਾ ਜਾ ਸਕਦਾ ਹੈ।

ਜੇ ਤੁਹਾਨੂੰ ਪੰਜਾਬੀ ਵਿਚ ਸਹਾਇਤਾ ਜਾਂ ਸਲਾਹ ਦੀ ਲੋੜ ਹੈ, ਤਾਂ ਕਿਰਪਾ ਕਰਕੇ ਆਪਣੀ ਹਾਉਸਿੰਗ ਟੀਮ ਨਾਲ ਸੰਪਰਕ ਕਰੋ, ਜੋ ਤੁਹਾਡੇ ਲਈ ਇਸ ਦਾ ਪ੍ਰਬੰਧ ਕਰੇਗੀ।